ਗਰਭਪਾਤ ਦੀ ਦਵਾਈ ਦੀਆਂ ਮਿੱਥਾਂ ਨੂੰ ਖਤਮ ਕਰਨਾ

# ਗਰਭਪਾਤ ਦੀ ਦਵਾਈ ਦੀਆਂ ਮਿੱਥਾਂ ਨੂੰ ਖਤਮ ਕਰਨਾ

ਗਰਭਪਾਤ ਦੀ ਦਵਾਈ ਵਿੱਚ ਗਰਭ ਅਵਸਥਾ ਨੂੰ ਖਤਮ ਕਰਨ ਲਈ 2 ਦਵਾਈਆਂ, ਮਾਈਫੇਪ੍ਰਿਸਟੋਨ ਅਤੇ ਮਿਸੋਪ੍ਰੋਸਟੋਲ ਦੀ ਵਰਤੋਂ ਸ਼ਾਮਲ ਹੁੰਦੀ ਹੈ।

**ਮਿੱਥ:**
ਗਰਭ ਅਵਸਥਾ ਨੂੰ ਖਤਮ ਕਰਨ ਦਾ ਇੱਕੋ ਇੱਕ ਤਰੀਕਾ ਇੱਕ ਵਿਧੀ ਹੈ।

**ਤੱਥ:** ਗਰਭ ਅਵਸਥਾ ਨੂੰ ਖਤਮ ਕਰਨ ਲਈ 2 ਤਰੀਕੇ ਹਨ:
**ਵਿਧੀ ਅਤੇ ਦਵਾਈ ਦੁਆਰਾ।**

ਮਾਈਫੇਪ੍ਰਿਸਟੋਨ/ ਮਿਸੋਪ੍ਰੋਸਟੋਲ ਦਾ ਸੁਮੇਲ ਕੈਨੇਡਾ ਵਿੱਚ ਗਰਭਪਾਤ ਦੀ ਦਵਾਈ ਲਈ ਪ੍ਰਵਾਨਿਤ ਇੱਕੋ ਇੱਕ ਨਿਯਮ ਹੈ।[1]

**ਮਿੱਥ:**
**ਦਵਾਈ ਨਾਲ ਗਰਭਪਾਤ ਸਿਰਫ਼ ਹਸਪਤਾਲ ਵਿੱਚ ਹੀ ਹੁੰਦਾ ਹੈ।**

**ਤੱਥ:**
ਹਾਲਾਂਕਿ ਸ਼ੁਰੂਆਤੀ ਸਲਾਹ-ਮਸ਼ਵਰਾ ਵਿਭਿੰਨ ਸੈਟਿੰਗਾਂ ਵਿੱਚ ਕਿਸੇ ਅਧਿਕਾਰਤ ਡਾਕਟਰ, ਦਾਈ ਜਾਂ ਨਰਸ ਪ੍ਰੈਕਟੀਸ਼ਨਰ ਦੇ ਨਾਲ ਹੁੰਦਾ ਹੈ, ਪਰ ਦਵਾਈਆਂ ਘਰ ਵਿੱਚ ਸੁਰੱਖਿਅਤ ਢੰਗ ਨਾਲ ਲਈਆਂ ਜਾ ਸਕਦੀਆਂ ਹਨ।

**ਮਿੱਥ:**
**ਗਰਭਪਾਤ ਖ਼ਤਰਨਾਕ ਹੈ।**

**ਤੱਥ:**
ਜਦੋਂ ਇਹ ਕਾਨੂੰਨੀ ਤੌਰ 'ਤੇ ਅਤੇ ਨਿਯੰਤ੍ਰਿਤ ਵਾਤਾਵਰਣ ਵਿੱਚ ਕੀਤਾ ਜਾਂਦਾ ਹੈ, ਤਾਂ ਗਰਭਪਾਤ ਇੱਕ ਸੁਰੱਖਿਅਤ ਡਾਕਟਰੀ ਵਿਧੀ ਹੈ।[2]

**ਮਿੱਥ:**
**ਜ਼ਿਆਦਾਤਰ ਲੋਕਾਂ ਨੂੰ ਗਰਭਪਾਤ ਕਰਵਾਉਣ ਦਾ ਪਛਤਾਵਾ ਹੁੰਦਾ ਹੈ।**

**ਤੱਥ:**
ਜ਼ਿਆਦਾਤਰ ਲੋਕ ਗਰਭਪਾਤ ਤੋਂ ਬਾਅਦ ਰਾਹਤ ਮਹਿਸੂਸ ਕਰਦੇ ਹਨ।[4]

**ਮਿੱਥ:**
**ਗਰਭਪਾਤ ਨਾਲ ਡਿਪਰੈਸ਼ਨ ਅਤੇ ਚਿੰਤਾ ਵਰਗੇ ਨਕਾਰਾਤਮਕ ਮਾਨਸਿਕ ਸਿਹਤ ਨਤੀਜੇ ਸਾਹਮਣੇ ਆਉਂਦੇ ਹਨ ।**

**ਤੱਥ:**
ਗਰਭਪਾਤ ਕਰਵਾਉਣ ਨਾਲ ਮਾਨਸਿਕ ਸਿਹਤ ਸਮੱਸਿਆਵਾਂ ਦਾ ਖ਼ਤਰਾ ਨਹੀਂ ਵਧਦਾ। ਹਾਲਾਂਕਿ, ਜਦੋਂ ਗਰਭਪਾਤ ਦੀਆਂ ਸੇਵਾਵਾਂ ਲੈਣ ਵਾਲੇ ਲੋਕਾਂ ਨੂੰ ਨਿੰਦਿਆ ਜਾਂਦਾ ਹੈ, ਇਸਨੂੰ ਕਲੰਕ ਮੰਨਿਆਂ ਜਾਂਦਾ ਹੈ ਜਾਂ ਉਹਨਾਂ ਬਾਰੇ ਗ਼ਲਤ ਗੱਲਾਂ ਕੀਤੀਆਂ ਜਾਂਦੀਆਂ ਹਨ , ਤਾਂ ਇਸ ਸੇਵਾ ਤੱਕ ਪਹੁੰਚ ਕਰਨ ਦੀ ਪ੍ਰਕਿਰਿਆ ਦੁਖਦਾਈ ਹੋ ਸਕਦੀ ਹੈ।

**ਮਿੱਥ:**
**ਗਰਭਪਾਤ ਦੀਆਂ ਦਵਾਈਆਂ ਗਰਭ ਅਵਸਥਾ ਨੂੰ ਵਾਪਸ ਸਰੀਰ ਵਿੱਚ ਜਜ਼ਬ ਕਰਨ ਦਾ ਕਾਰਨ ਬਣਦੀਆਂ ਹਨ।**

**ਤੱਥ:**
ਗਰਭਪਾਤ ਲਈ ਵਰਤੀਆਂ ਜਾਣ ਵਾਲੀਆਂ ਦਵਾਈਆਂ ਗਰਭ ਅਵਸਥਾ ਨੂੰ ਰੋਕ ਕੇ ਅਤੇ ਇਸ ਨੂੰ ਕੁਦਰਤੀ ਤਰੀਕੇ ਨਾਲ ਸਰੀਰ ਤੋਂ ਬਾਹਰ ਕੱਢਣ ਦਾ ਕੰਮ ਕਰਦੀਆਂ ਹਨ। ਇਸ ਨਾਲ ਕੜਵੱਲ ਪੈ ਸਕਦੇ ਹਨ ਅਤੇ ਅਤੇ ਇੱਕ ਆਮ ਪੀਰੀਅਡ ਨਾਲੋਂ ਜ਼ਿਆਦਾ ਖੂਨ ਵਹਿ ਸਕਦਾ ਹੈ

**ਮਿੱਥ:**
ਗਰਭਪਾਤ ਭਵਿੱਖ ਵਿੱਚ ਬਾਂਝਪਨ ਦਾ ਕਾਰਨ ਬਣਦਾ ਹੈ।

**ਤੱਥ:**
ਦਵਾਈ ਨਾਲ ਗਰਭਪਾਤ ਕਰਵਾਉਣ ਵਾਲੇ ਹਰ **1000 ਵਿੱਚੋਂ 1 ਮਰੀਜ਼** ਨੂੰ ਗੰਭੀਰ ਪੇਚੀਦਗੀਆਂ ਦਾ ਅਨੁਭਵ ਹੁੰਦਾ ਹੈ, ਜੋ ਭਵਿੱਖ ਦੀ ਜਣਨ ਸ਼ਕਤੀ ਨੂੰ ਪ੍ਰਭਾਵਤ ਕਰਦੀਆਂ ਹਨ।

**ਮਿੱਥ:**
**ਸਿਰਫ ਨੌਜਵਾਨ ਅਤੇ ਗੈਰ-ਜ਼ਿੰਮੇਵਾਰ ਲੋਕ ਹੀ ਗਰਭਪਾਤ ਕਰਵਾਉਂਦੇ ਹਨ।**

**ਤੱਥ:**
ਆਪਣੇ ਪ੍ਰਜਨਨ ਸਾਲਾਂ ਵਿੱਚ ਲੋਕ ਵੱਖ-ਵੱਖ ਕਾਰਨਾਂ ਕਰਕੇ ਗਰਭਪਾਤ ਕਰਵਾਉਂਦੇ ਹਨ। ਉਹ ਆਪਣੇ ਅਤੇ ਆਪਣੇ ਪਰਿਵਾਰ ਲਈ ਜ਼ਿੰਮੇਵਾਰ ਫੈਸਲੇ ਲੈਂਦੇ ਹਨ।

**ਮਿੱਥ:**
**ਦਵਾਈ ਵਾਲੇ ਗਰਭਪਾਤ ਨਾਲ ਬਹੁਤ ਦਰਦ ਹੁੰਦਾ ਹੈ।**

**ਤੱਥ:**
ਦਰਦ, ਕੜਵੱਲ ਅਤੇ ਖੂਨ ਵਹਿਣਾ ਇਸਦੇ ਆਮ ਅਤੇ ਸੰਭਾਵਿਤ ਮਾੜੇ ਪ੍ਰਭਾਵ ਹਨ। ਦਰਦ ਤੋਂ ਰਾਹਤ ਦੇਣ ਵਾਲੀਆਂ ਦਵਾਈਆਂ ਲੈਣ ਦੀ ਸਲਾਹ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ, ਇੱਕ ਸਹੀ ਚੋਣ ਕਰਨਾ, ਇਹ ਜਾਣਨਾ ਕਿ ਕੀ ਉਮੀਦ ਕਰਨੀ ਹੈ ਅਤੇ ਪ੍ਰਕਿਰਿਆ ਦੇ ਦੌਰਾਨ ਤੁਹਾਡੇ ਸਰੀਰ ਨਾਲ ਕੀ ਹੋ ਰਿਹਾ ਹੈ, ਇਸ ਬਾਰੇ ਚੰਗੀ ਤਰ੍ਹਾਂ ਸਮਝਣਾ ਇਸਦੀ ਤਿਆਰੀ ਅਤੇ ਇਸਦਾ ਮੁਕਾਬਲਾ ਕਰਨ ਵਿੱਚ ਮਦਦ ਕਰਦਾ ਹੈ।

**ਹਵਾਲੇ**


1. ਬੈਨਸੀ ਏ, ਗਿੰਡਰੌਡ ਕੇ. ਮੈਡੀਕਲ ਗਰਭਪਾਤ: ਫਾਰਮਾਸਿਸਟਾਂ ਲਈ ਇੱਕ ਅਭਿਆਸ ਸਾਧਨ। ਕੈਨ ਫਾਰਮ ਜੇ (Ott) 2019;152(3):160-3. https://doi.org/10.1177/1715163519840270
2. ਡੋਰਨ ਐਫ, ਨੈਨਕੈਰੋ ਐਸ. ਬੈਰੀਅਰਜ਼ ਅਤੇ ਵਿਕਸਤ ਸੰਸਾਰ ਵਿੱਚ ਔਰਤਾਂ ਲਈ ਪਹਿਲੀ-ਤਿਮਾਹੀ ਗਰਭਪਾਤ ਸੇਵਾਵਾਂ ਤੱਕ ਪਹੁੰਚ ਦੇ ਫੈਸਿਲੀਟੇਟਰ: ਇੱਕ ਯੋਜਨਾਬੱਧ ਸਮੀਖਿਆ। J Fam Plann Reprod Health Care 2015;41(3):170-80. https://doi.org/10.1136/jfprhc-2013-100862
3. ਬਰੇਸਾਰਡ.ਕੇ. ਗਰਭਪਾਤ ਦੀ ਦੇਖਭਾਲ ਦਾ ਬਦਲਦਾ ਪਰਿਪੇਖ: ਰਿਪਬਲਿਕ ਆਇਰਲੈਂਡ ਅਤੇ ਉੱਤਰੀ ਆਇਰਲੈਂਡ ਵਿੱਚ ਢਾਂਚਾਗਤ ਸਟਿਗਮਾ ਦਾ ਅਨੁਭਵ। Soc Sci Med 2020 Jan:245:112686. https://www.sciencedirect.com/science/article/abs/pii/S0277953619306811?via%3Dihub
4. ਸਟੀਨਬਰਗ ਜੇ. ਗਰਭਪਾਤ ਤੋਂ ਬਾਅਦ ਦੇ ਸਾਲਾਂ ਵਿੱਚ ਫੈਸਲੇ ਦੀ ਸੁੱਧਤਾ ਅਤੇ ਰਾਹਤ ਪ੍ਰਮੁੱਖ ਹੈ। Soc Sci Med 2020 Mar:248:112782. https://doi.org/10.1016/j.socscimed.2020.112782
5. ਗੇਲਮੈਨ ਏ, ਰੋਜ਼ਨਫੀਲਡ ਈ ਏ, ਨਿਕੋਲਾਜਸਕੀ ਸੀ ਏਟ ਅਲ. ਪੱਛਮੀ ਪੈਨਸਿਲਵੇਨੀਆ ਵਿੱਚ ਗਰਭਪਾਤ ਕਰਵਾਉਣ ਵਾਲੀਆਂ ਘੱਟ ਆਮਦਨੀ ਵਾਲੀਆਂ ਔਰਤਾਂ ਵਿੱਚ ਗਰਭਪਾਤ ਦਾ ਸਟਿਗਮਾ: ਇੱਕ ਗੁਣਾਤਮਕ ਮੁਲਾਂਕਣ Perspect Sex Reprod Health 2017 Mar;49(1):29-36. https://doi.org/10.1363/psrh.12014
6. NHS. ਗਰਭਪਾਤ: ਜੋਖਮ [ਇੰਟਰਨੈਟ]। 24 ਅਪ੍ਰੈਲ, 2020। https://www.nhs.uk/conditions/abortion/risks/
7. ਗੁੰਜਾ MZ, Zephyrin LC. ਪ੍ਰਜਨਨ ਉਮਰ ਦੀਆਂ ਔਰਤਾਂ ਲਈ ਸਿਹਤ ਅਤੇ ਸਿਹਤ ਸੰਭਾਲ [ਇੰਟਰਨੈੱਟ]। 5 ਅਪ੍ਰੈਲ, 2022। https://www.commonwealthfund.org/publications/issue-briefs/2022/apr/health-and-health-care-women-reproductive-age



ਵਿੱਤੀ ਯੋਗਦਾਨ:

Canadian Pharmacists Association / Association des pharmaciens du Canada

Health Canada / Santé Canada

CART-GRAC Contraception and Abortion Research Team / Groupe de recherche sur l'avortement et la contraception

THE CART ACCESS PROJECT

ਇੱਥੇ ਪ੍ਰਗਟਾਏ ਗਏ ਵਿਚਾਰ ਹੈਲਥ ਕੈਨੇਡਾ ਦੇ ਵਿਚਾਰਾਂ ਨੂੰ ਨਹੀਂ ਦਰਸਾਉਂਦੇ ।